# ਪੰਜਾਬੀ ਭਾਸ਼ਾ ਨੂੰ ਦਿੱਲੀ ਵਿੱਚ ਖਤਮ ਨਹੀ ਕਰਨ ਦਿੱਤਾ ਜਾਵੇਗਾ - ਸਰਨਾ



ਨਵੀ ਦਿੱਲੀ / ਮਵਦੀਲਾ ਬਿਊਰੋ

ਸ. ਪਰਮਜੀਤ ਸਿੰਘ ਸਰਨਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਨੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਸਰਕਾਰ ਵੱਲੋ ਦਿੱਲੀ ਦੇ ਸਕੂਲਾਂ ਵਿੱਚੋ ਪੰਜਾਬੀ, ਉਰਦੂ ਤੇ ਸੰਸਕ੍ਰਿਤ ਦੀ ਭਾਸ਼ਾ ਨੂੰ ਬੰਦ ਕਰਨ ਦੇ ਕੀਤੇ ਗਏ ਫੈਸਲੇ ਦੀ ਕੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆ ਕਿਹਾ ਕਿ ਕੇਜਰੀਵਾਲ ਦੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਤੇ ਵਿਸ਼ੇਸ਼ ਕਰਕੇ ਸਿੱਖ ਘੱਟ ਗਿਣਤੀ ਪ੍ਰਤੀ ਅਪਨਾਈ ਗਈ ਵਿਰੋਧ ਵਾਲੀ ਨੀਤੀ ਦੀ ਬਿੱਲੀ ਪੂਰੀ ਤਰ੍ਹਾ ਥੈਲਿਉ ਬਾਹਰ ਆ ਗਈ ਹੈ ਅਤੇ ਆਮ ਆਦਮੀ ਪਾਰਟੀ ਸਿੱਖਾਂ ਦਾ ਭਰੋਸਾ ਖੋਹ ਬੈਠੀ ਹੈ।

ਜਾਰੀ ਇੱਕ ਬਿਆਨ ਸ੍ ਸਰਨਾ ਨੇ ਕਿਹਾ ਕਿ ਦਿੱਲੀ ਵਿੱਚ ਪੰਜਾਬੀ ਨੂੰ ਦੂਸਰੀ ਭਾਸ਼ਾਂ ਦਾ ਦਰਜਾ ਉਹਨਾਂ ਨੇ ਬੜੀ ਜਦੋ ਜਹਿਦ ਤੋ ਬਾਅਦ ਦਿਵਾਇਆ ਸੀ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ੍ਰੀਮਤੀ ਸ਼ੀਲਾ ਦੀਕਸ਼ਤ ਦੇ ਰਾਜ ਭਾਗ ਸਮੇਂ ਉਹਨਾਂ ਨੇ ਪੰਜਾਬੀ ਨੂੰ ਦਿੱਲੀ ਵਿੱਚ ਦੂਸਰੀ ਭਾਸ਼ਾਂ ਦਾ ਦਰਜਾ ਦਿਵਾਉਣ ਦਾ ਕਨੂੰਨ ਪਾਰਲੀਮੈਂਟ ਵਿੱਚੋ ਪਾਸ ਕਰਵਾਇਆ ਸੀ। ਉਹਨਾਂ ਕੇਜਰੀਵਾਲ ਦੀ ਬਹੁਰੂਪੀਆ ਨਾਲ ਤੁਲਨਾ ਕਰਦਿਆ ਕਿਹਾ ਕਿ ਪੰਜਾਬ ਵਿੱਚ ਇਸ ਦਾ ਕੋਈ ਹੋਰ ਰੂਪ ਹੁੰਦਾ ਹੈ ਤੇ ਦਿੱਲੀ ਵਿੱਚ ਕੋਈ ਹੋਰ ਜਦ ਕਿ ਪੰਜਾਬ ਤੋਂ ਸ਼ੰਭੂ ਬੈਰੀਅਰ ਟੱਪਦਿਆ ਹੀ ਇਹ ਪੰਜਾਬ ਦੇ ਪਾਣੀਆ ਦੇ ਮਸਲੇ ਤੇ ਆਪਣਾ ਬਿਆਨ ਗਿਰਗਿਟ ਦੀ ਤਰ੍ਹਾਂ ਬਦਲ ਲੈਂਦਾ ਹੈ। ਉਹਨਾਂ ਕਿਹਾ ਕਿ ਜਿਹੜਾ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਕਰ ਦਿੱਤਾ ਗਿਆ ਹੋਵੇ ਉਸ ਨੂੰ ਦਿੱਲੀ ਸਰਕਾਰ ਕਿਸੇ ਵੀ ਕੀਮਤ ਤੇ ਵਾਪਸ ਨਹੀਂ ਲੈ ਸਕਦੀ। ਉਹਨਾਂ ਕਿਹਾ ਕਿ ਕੇਜਰੀਵਾਲ ਨੇ ਜੇਕਰ ਦਿੱਲੀ ਵਿੱਚੋ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਿੱਖ ਹੀ ਕੇਜਰੀਵਾਲ ਦੇ ਖਿਲਾਫ ਮੋਰਚਾ ਖੋਹਲ ਦੇਣਗੇ ਕਿਉਂਕਿ ਦਿੱਲੀ ਨਿਵਾਸੀ ਤਾਂ ਪਹਿਲਾਂ ਹੀ ਕੇਜਰੀਵਾਲ ਦੀ ਸਰਕਾਰ ਬਣਾ ਕੇ ਪਛਤਾ ਰਹੇ ਹਨ।

ਉਹਨਾਂ ਕਿਹਾ ਕਿ ਪੰਜਾਬੀ ਤੇ ਉਰਦੂ ਨੂੰ ਖਤਮ ਕਰਨ ਦਾ ਫੈਸਲਾ ਲੈਣਾ ਕੇਜਰੀਵਾਲ ਸਰਕਾਰ ਦਾ ਘੱਟ ਗਿਣਤੀਆ ਤੇ ਬਹੁਤ ਵੱਡਾ ਹਮਲਾ ਹੈ ਤੇ ਕੇਜਰੀਵਾਲ ਦੇ ਇਸ ਫੈਸਲੇ ਵਿੱਚੋ ਆਰ.ਆਰ.ਐਸ ਦੀਆ ਘੱਟ ਗਿਣਤੀ ਵਿਰੋਧੀ ਨੀਤੀਆ ਦੀ ਬਦਬੂ ਆ ਰਹੀ ਹੈ। ਉਹਨਾਂ ਦਿੱਲੀ ਦੇ ਸਿੱਖਾਂ ਨੂੰ ਲਾਮਬੰਦ ਕਰਦਿਆ ਕਿਹਾ ਕਿ ਜੇਕਰ ਕੇਜਰੀਵਾਲ ਦੇ ਇਸ ਫੈਸਲੇ ਦੇ ਖਿਲਾਫ ਸਿੱਖਾਂ ਨੂੰ ਕੋਈ ਮੋਰਚਾ ਸ਼ੁਰੂ ਕਰਨਾ ਪਿਆ ਤਾਂ ਉਹ ਤਿਆਰ ਬਰ ਤਿਆਰ ਰਹਿਣ।

ਉਹਨਾਂ ਕਿਹਾ ਕਿ ਅੱਜ ਇਹ ਪੰਜਾਬੀ ਭਾਸ਼ਾਂ ਤੇ ਪਾਬੰਦੀ ਲਗਾਉਣ ਦੀ ਬਾਤ ਪਾ ਰਿਹਾ ਹੈ ਤੇ ਕਲ੍ਹ ਨੂੰ ਪੰਜਾਬੀਆ ਨੂੰ ਖਤਮ ਕਰਨ ਦੀ ਵੀ ਚਾਲ ਚੱਲ ਸਕਦਾ ਹੈ ਇਸ ਲਈ ਕਿਸੇ ਵੀ ਬੁਰਾਈ ਤੇ ਰੋਗ ਨੂੰ ਫੈਲਣ ਤੋਂ ਪਹਿਲਾਂ ਹੀ ਉਸ ਦੀ ਰੋਕਥਾਮ ਕਰਨੀ ਸਿਆਣਪ ਹੁੰਦੀ ਹੈ।

# ਸਹਿਜਧਾਰੀ ਸਿੱਖਾਂ ਨੂੰ ਝਟਕਾ, ਨਹੀਂ ਮਿਲੇਗਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟ ਪਾਉਣ ਦਾ ਹੱਕ

## ਕੈਪਟਨ ਅਮਰਿੰਦਰ ਨੇ ਐਸ.ਜੀ.ਪੀ.ਸੀ ਚੋਣਾਂ ਤੋਂ ਸਜਿਧਾਰੀਆਂ ਨੂੰ ਵਾਂਝਾ ਕੀਤੇ ਜਾਣ ਦੀ ਕੀਤੀ ਨਿੰਦਾ

ਨਵੀਂ ਦਿੱਲੀ/ ਮਵਦੀਲਾ ਬਿਊਰੋ

ਸਹਿਜਧਾਰੀ ਵੋਟ ਪਾਉਣ ਦੇ ਹੱਕ ਨੂੰ ਲੈ ਕੇ ਲੰਮੇ ਸਮੇਂ ਤੋਂ ਲੜਾਈ ਲੜ ਰਹੇ ਸਨ। ਇਸ ਬਾਰੇ ਸੁਪਰੀਮ ਕੋਰਟ ਵਿਚ ਕੇਸ ਵੀ ਚੱਲ ਰਿਹਾ ਹੈ। ਸਿੱਖ ਗੁਰਦੁਆਰਾ ਸੋਧ ਬਿੱਲ 2016 ਅੱਜ ਰਾਜ ਸਭਾ ਵਿਚ ਪਾਸ ਕੀਤਾ ਗਿਆ। ਸਾਰੀਆਂ ਹੀ ਪਾਰਟੀਆਂ ਦੇ ਮੈਂਬਰਾਂ ਨੇ ਇਸ ਬਿੱਲ ਨੂੰ ਸਹਿਮਤੀ ਦਿੱਤੀ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟ ਪਾਉਣ ਦਾ ਹੱਕ ਨਹੀਂ ਮਿਲੇਗਾ।

ਜ਼ਿਕਰਯੋਗ ਹੈ ਕਿ 10 ਮਾਰਚ ਨੂੰ ਕੇਂਦਰੀ ਕੈਬਨਿਟ ਨੇ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਸੀ, ਜਿਸ ਨਾਲ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟਿੰਗ ਦਾ ਅਧਿਕਾਰ ਨਹੀਂ ਮਿਲੇਗਾ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਹਿਜਧਾਰੀ ਸਿੱਖਾਂ ਨੂੰ ਵੋਟਿੰਗ ਦਾ ਅਧਿਕਾਰ ਨਾ ਦੇਣ ਲਈ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ। ਇਸ ਫ਼ੈਸਲੇ ਨਾਲ ਸਹਿਜਧਾਰੀ ਸਿੱਖਾਂ ਨੂੰ ਝਟਕਾ ਲੱਗਾ ਹੈ।

1999 ਵਿਚ ਅਟਲ ਬਿਹਾਰੀ ਵਾਜਪਾਈ ਸਰਕਾਰ ਦੌਰਾਨ ਸਹਿਜਧਾਰੀ ਸਿੱਖਾਂ ਨੂੰ ਐਸ.ਜੀ.ਪੀ.ਸੀ. ਚੋਣਾਂ ਦੌਰਾਨ ਵੋਟਿੰਗ ਦਾ ਅਧਿਕਾਰ ਦੇਣ ਲਈ ਸਿੱਖ ਗੁਰਦੁਆਰਾ ਐਕਟ 1925 ਵਿਚ ਸੋਧ ਕੀਤੀ ਗਈ ਸੀ। ਇਸ ਤੋਂ ਬਾਅਦ ਇਸ ਦਾ ਸਿੱਖ ਸੰਸਥਾਵਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਸੀ।



ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀਆਂ ਦੇ ਇਸ਼ਾਰੇ 'ਤੇ ਐਸ.ਜੀ.ਪੀ.ਸੀ ਉਪਰ ਉਨਾਂ ਦਾ ਦਬਦਬਾ ਬਣਾਏ ਰੱਖਣ ਲਈ ਭਾਰਤ ਸਰਕਾਰ ਵੱਲੋਂ ਚੁੱਕਿਆ ਗਿਆ ਇਹ ਬਹੁਤ ਹੀ ਗਲਤ ਕਦਮ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ 'ਚ ਸੋਧ ਕਰਦਿਆਂ ਸਜਿਧਾਰੀ ਸਿੱਖਾਂ ਨੂੰ ਐਸ.ਜੀ.ਪੀ.ਸੀ ਚੋਣਾਂ 'ਚ ਵੋਟ ਦੇਣ ਦੇ ਅਧਿਕਾਰ ਤੋਂ ਵਾਂਝਾ ਕਰਨ ਨਾਲ ਸਿੱਖ ਸਮਾਜ ਹਿੱਸਿਆਂ ਵਿੱਚ ਵੰਡਿਆਂ ਜਾਵੇਗਾ।

ਕੈਪਟਨ ਸਾਹਿਬ ਨੇ ਜ਼ੋਰ ਦਿੰਦਿਆਂ ਕਿਹਾ ਕਿ ਹਰੇਕ ਸਿੱਖ ਜਿਹੜਾ ਸਿੱਖਵਾਦ ਦੇ ਸਿਧਾਂਤਾਂ 'ਤੇ ਵਿਸ਼ਵਾਸ ਕਰਦਾ ਹੈ, ਉਸ ਕੋਲ ਐਸ.ਜੀ.ਪੀ.ਸੀ ਚੋਣਾਂ ਦੌਰਾਨ ਵੋਟ ਦੇਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਪਰ ਮੰਦਭਾਗਾ ਹੈ ਕਿ ਸਮਾਜ ਦੇ ਇਕ ਵੱਡੇ ਹਿੱਸੇ ਨੂੰ ਆਪਣੇ ਵੋਟ ਦੇਣ ਦੇ ਲੋਕਤਾਂਤਰਿਕ ਅਧਿਕਾਰ ਤੋਂ ਵਾਂਝਾ ਕਰਕੇ ਇਸ ਲੋਕਤਾਂਤਰਿਕ ਪ੍ਰਣਾਲੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਕੈਪਟਨ ਅਮਰਿਦਰ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਇਸ਼ਾਰੇ 'ਤੇ ਕੀਤੀ ਗਈ ਇਹ ਇਕ ਭਾਰੀ ਗਲਤੀ ਹੈ। ਵਿਸ਼ਵ ਦੇ ਸਾਰੇ ਧਰਮਾਂ ਕੋਲ ਆਪਣੇ ਸਿਧਾਂਤਾਂ ਦਾ ਪ੍ਰਚਾਰ ਕਰਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜਨ ਦਾ ਅਧਿਕਾਰ ਹੈ ਲੇਕਿਨ ਬਾਦਲ ਨੇ ਇਹ ਕਦਮ ਚੁੱਕ ਕੇ ਸਪੱਸ਼ਟ ਤੌਰ 'ਤੇ ਮਿਲਿਅਨਾਂ ਲੋਕਾਂ ਲਈ ਦਰਵਾਜੇ ਬੰਦ ਕਰ ਦਿੱਤੇ ਹਨ, ਜਿਨ੍ਹਾਂ ਨੂੰ ਸਿੱਖ ਹੋਣ ਦੇ ਬਾਵਜੂਦ ਐਸ.ਜੀ.ਪੀ.ਸੀ ਚੋਣਾਂ ਦੌਰਾਨ ਵੋਟ ਦੇਣ ਦਾ ਮੌਕਾ ਨਹੀਂ ਦਿੱਤਾ ਜਾਵੇਗਾ।

# ਆਂਧਰਾ ਪ੍ਰਦੇਸ਼ 'ਚ ਡਿਪਟੀ ਕਮਿਸ਼ਨਰ ਏ ਮੋਹਨ ਦੇ ਘਰ 'ਚੋਂ 800 ਕਰੋੜ ਦਾ ਕਾਲਾ ਧਨ ਜਬਤ

ਹੈਦਰਾਬਾਦ/ ਬਿਓਰੋ



ਆਂਧਰਾ ਪ੍ਰਦੇਸ਼ ਦੇ ਪੂਰਵੀ ਗੋਦਾਵਰੀ ਦੇ ਟਰਾਂਸਪੋਰਟ ਵਿਭਾਗ ਦੇ ਡਿਪਟੀ ਕਮਿਸ਼ਨਰ ਏ ਮੋਹਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਕੋਲੋ 800 ਕਰੋੜ ਰੁਪਏ ਦੀ ਗੈਰ-ਕਾਨੂੰਨੀ ਜਾਇਦਾਦ ਬਰਾਮਦ ਹੋਈ ਹੈ। ਗ੍ਰਿਫਤਾਰੀ ਦੇ ਨਾਲ ਹੀ ਉਸ ਦੀ 800 ਕਰੋੜ ਰੁਪਏ ਦੀ ਜਾਇਦਾਦ ਵੀ ਜਬਤ ਕਰ ਦਿੱਤੀ ਗਈ ਹੈ।

ਭ੍ਰਿਸ਼ਟਾਚਾਰ ਰੋਕੂ ਬਿਊਰੋ (ਏ.ਸੀ.ਬੀ.) ਦੇ ਅਧਿਕਾਰੀਆਂ ਨੇ ਦੱਸਿਆ ਕਿ ਆਈ.ਏ.ਐਸ. ਅਧਿਕਾਰੀ ਏ ਮੋਹਨ ਦੇ ਘਰਾਂ ਉਤੇ ਛਾਪੇਮਾਰੀ ਵਿਚ 800 ਕਰੋੜ ਰੁਪਏ ਦੀ ਜਾਇਦਾਦ ਬਰਾਮਦ ਹੋਈ ਹੈ। ਛਾਪੇਮਾਰੀ ਦੀ ਅਗਵਾਈ ਏ.ਸੀ.ਬੀ. ਦੀ ਕੇਂਦਰੀ ਜਾਂਚ ਇਕਾਈ ਦੀ ਡੀ.ਐਸ.ਡੀ.ਏ. ਰਾਮਾਦੇਵੀ ਕਰ ਰਹੀ ਸੀ। ਛਾਪੇਮਾਰੀ ਵਿਜੇਵਾੜਾ, ਅਨੰਤਪੁਰ, ਕਡਪਾ, ਬੇਲਾਰੀ, ਮੇਡਕ, ਨੇਲਲੋਰ, ਪ੍ਰਕਾਸ਼ਮ ਅਤੇ ਹੈਦਰਾਬਾਦ ਦੇ ਕੁਝ ਸਥਾਨਾਂ ਉਤੇ ਕੀਤੀ ਗਈ ਹੈ। ਮੋਹਨ ਨੂੰ ਗ੍ਰਿਫਤਾਰ ਕਰਕੇ ਵਿਜੇਵਾੜਾ ਸਥਿਤ ਏ.ਸੀ.ਬੀ. ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਏ.ਸੀ.ਬੀ. ਦੇ ਅਧਿਕਾਰੀਆਂ ਮੁਤਾਬਕ ਸ਼ੁਰੂ ਵਿਚ ਮੋਹਨ ਏ.ਸੀ.ਬੀ. ਅਧਿਕਾਰੀਆਂ ਨੂੰ ਆਪਣੇ ਘਰ ਵਿਚ ਵੜਨ ਨਹੀਂ ਦੇ ਰਿਹਾ ਸੀ। ਉਸ ਨੇ ਆਪਣਾ ਫੋਨ ਘਰ ਦੇ ਬਾਹਰ ਸੁੱਟ ਦਿੱਤਾ ਸੀ ਜੋ ਬਾਅਦ ਵਿਚ ਅਧਿਕਾਰੀਆਂ ਦੇ ਹੱਥ ਲੱਗ ਗਿਆ। ਮੋਹਨ ਦੇ ਘਰ ਵਿਚੋਂ ਸੋਨੇ ਅਤੇ ਹੀਰੇ ਦੇ ਗਹਿਣੇ ਵੀ ਬਰਾਮਦ ਹੋਏ ਹਨ। ਹਾਲੇ ਕਈ ਬੈਂਕਾਂ ਦੇ ਲਾਕਰਾਂ ਦੀ ਤਲਾਸ਼ੀ ਲੈਣੀ ਬਾਕੀ ਹੈ। ਮੋਹਨ ਨੇ ਹਾਲ ਹੀ ਵਿਚ ਆਪਣੀ ਥੋੜੀ ਜਾਇਦਾਦ ਸੱਸ-ਸਹੁਦਾ ਦੇ ਨਾਂ ਉਤੇ ਵੀ ਕੀਤੀ ਸੀ।

ਜਾਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਲੇ ਧਨ ਨੂੰ ਸਫੇਦ ਕਰਨ ਲਈ ਉਨ੍ਹਾਂ ਨੂੰ ਆਪਣੀ ਧੀ ਤੇਜਸ਼ਰੀ ਦੇ ਨਾਂ ਨਾਲ ਅੱਠ ਕੰਪਨੀਆਂ ਸ਼ੁਰੂ ਕੀਤੀਆਂ ਸਨ। ਰਾਮਾਦੇਵੀ ਨੇ ਕਿਹਾ ਕਿ ਅਸੀਂ ਦਸਤਾਵੇਜ਼ਾਂ ਉਤੇ ਦਿੱਤੇ ਗਏ ਪੱਤਿਆਂ ਦੇ ਆਧਾਰ ਉਤੇ ਉਨ੍ਹਾਂ ਦੀਆਂ ਕੰਪਨੀਆਂ ਦਾ ਪਤਾ ਨਹੀਂ ਲਾ ਸਕੇ ਹਾਂ।

# ਮੁੰਬਈ ਡਾਂਸ ਬਾਰ ਮਾਮਲਾ : ਸੁਪਰੀਮ ਕੋਰਟ ਨੇ ਕਿਹਾ, ਸੜਕਾਂ 'ਤੇ ਭੀਖ ਮੰਗਣੋਂ ਚੰਗਾ ਹੈ ਸਟੇਜ 'ਤੇ ਡਾਂਸ ਕਰਨਾ



ਮੁੰਬਈ/ ਧੰਨਵਾਦ ਸਹਿਤ : ਪੰਜਾਬ ਗਾਰਡੀਅਨ

ਮੁੰਬਈ ਵਿੱਚ ਡਾਂਸ ਬਾਰ ਮਾਮਲੇ ਦੀ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀ ਕੀਤੀ¢ ਸੁਪਰੀਮ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਜਮ ਕੇ ਝਾੜ ਪਾਈ। ਕੋਰਟ ਨੇ ਕਿਹਾ ਕਿ ਸੜਕਾਂ 'ਤੇ ਭੀਖ ਮੰਗਣੋਂ ਚੰਗਾ ਹੈ ਕਿ ਔਰਤਾਂ ਸਟੇਜ 'ਤੇ ਡਾਂਸ ਕਰਕੇ ਆਪਣੀ ਰੋਜ਼ੀ-ਰੋਟੀ ਚਲਾਉਣ। ਕੋਰਟ ਨੇ ਕਿਹਾ ਕਿ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਡਾਂਸ ਨਹੀਂ ਹੋਵੇਗਾ। ਰੈਗੂਲੇਸ਼ਨ ਅਤੇ ਪਾਬੰਦੀ ਲਗਾਉਣ ਵਿੱਚ ਫਰਕ ਹੁੰਦਾ ਹੈ। ਕੋਰਟ ਨੇ ਕਿਹਾ ਕਿ ਸੂਬਾ ਸਰਕਾਰ ਕਹਿ ਰਹੀ ਹੈ ਕਿ ਉਹ ਰੈਗੂਲੇਟ ਕਰ ਰਹੀ ਹੈ, ਪਰ ਉਸ ਦੇ ਮਨ ਵਿੱਚ ਡਾਂਸ ਬਾਰ 'ਤੇ ਪਾਬੰਦੀ ਲਗਾਉਣਾ ਹੈ। ਕੋਰਟ ਵਿੱਚ ਏ ਐਸ ਜੀ ਪਿੰਕੀ ਆਨੰਦ ਨੂੰ ਸੁਪਰੀਮ ਕੋਰਟ ਨੇ ਕਿਹਾ ਕਿ ਤੁਸੀਂ ਬਾਰ ਦੀ ਸੀਨੀਅਰ ਮੈਂਬਰ ਹੋ, ਤੁਸੀਂ ਰਾਜ ਸਰਕਾਰ ਨੂੰ ਦੱਸ ਦਿਓ ਕਿ ਜਦੋਂ ਇੱਕ ਵਾਰ ਸੁਪਰੀਮ ਕੋਰਟ ਨੇ ਸੰਵਿਧਾਨਕ ਘੇਰੇ ਨੂੰ ਦੇਖਦੇ ਹੋਏ ਹੁਕਮ ਪਾਸ ਕਰ ਦਿੱਤਾ ਤਾਂ ਫਿਰ ਰਾਜ ਸਰਕਾਰ ਕਿਵੇਂ ਹੁਕਮ ਦਾ ਪਾਲਣ ਕਰਨ ਤੋਂ ਮਨ੍ਹਾ ਕਰ ਸਕਦੀ ਹੈ। ਸਰਕਾਰ ਬਾਰ ਦੇ ਲਾਇਸੰਸ ਜਾਰੀ ਕਰ ਰਹੀ ਹੈ, ਪਰ ਡਾਂਸ ਬਾਰ ਦੇ ਲਾਇਸੰਸ ਦੇਣ ਵਿੱਚ ਕਮੀਆਂ ਕੱਢ ਰਹੀ ਹੈ। ਸਰਕਾਰ ਨੇ ਬਾਰ ਅਤੇ ਹੋਟਲ ਲਈ ਫਾਇਰ ਦਾ ਐਨ.ਓ.ਸੀ. ਦਿੱਤਾ, ਪਰ ਡਾਂਸ ਲਈ ਕਹਿ ਰਹੀ ਹੈ ਕਿ ਸ਼ਰਤਾਂ ਪੂਰੀਆਂ ਨਹੀਂ ਹਨ।

39 ਡਾਂਸ ਬਾਰਾਂ ਦੀ ਜਾਂਚ ਵਿੱਚ ਪਤਾ ਲੱਗਾ ਕਿ ਉਨ੍ਹਾਂ ਨੇ 26 ਸ਼ਰਤਾਂ ਦਾ ਪਾਲਣ ਨਹੀਂ ਕੀਤਾ ਹੈ। ਚਾਰ ਨੂੰ ਲਾਇਸੰਸ ਦਿੱਤੇ ਗਏ, ਪਰ ਦੁਬਾਰਾ ਜਾਂਚ ਦੌਰਾਨ ਪਤਾ ਲੱਗਾ ਕਿ ਉਨ੍ਹਾਂ ਨੂੰ ਗਲਤ ਲਾਇਸੰਸ ਜਾਰੀ ਹੋਏ, ਲਾਇਸੰਸ ਵਾਪਸ ਹੋਏ ਅਤੇ ਪੁਲਿਸ ਵਾਲਿਆਂ ਵਿਰੁੱਧ ਕਾਰਵਾਈ ਹੋਈ। ਪਿਛਲੀ ਸੁਣਵਾਈ ਵਿੱਚ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਝਾੜ ਪਾਈ ਸੀ ਕਿ ਮੁੰਬਈ ਡਾਂਸ ਬਾਰ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਅਹਿਮ ਸੁਣਵਾਈ ਹੋ ਰਹੀ ਹੈ। ਡੀ.ਸੀ.ਪੀ. ਲਾਇਸੰਸਿਗ ਨੂੰ ਕੋਰਟ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਸਨ। ਪਿਛਲੀ ਸੁਣਵਾਈ ਵਿੱਚ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਝਾੜ ਪਾਈ ਸੀ। ਕੋਰਟ ਨੇ ਪਹਿਲਾਂ ਜਾਰੀ ਹੁਕਮ ਦਾ ਪਾਲਣ ਨਾ ਹੋਣ 'ਤੇ ਨਾਰਾਜ਼ਗੀ ਜ਼ਾਹਰ ਕਰਦੇ ਹੋਏ ਸੂਬਾ ਸਰਕਾਰ ਤੋਂ ਜਵਾਬ ਮੰਗਿਆ ਸੀ। ਕੋਰਟ ਨੇ ਡੀ.ਸੀ.ਪੀ. ਲਾਇਸੰਸਿੰਗ ਨੂੰ 25 ਅਪ੍ਰੈਲ ਨੂੰ ਕੋਰਟ ਵਿੱਚ ਹਾਜ਼ਰ ਹੋਣ ਲਈ ਕਿਹਾ ਸੀ। ਇਸ ਦੇ ਨਾਲ ਹੀ ਕੋਰਟ ਦੁਆਰਾ ਜਾਰੀ ਨਿਰਦੇਸ਼ਾਂ ਦੇ ਪਾਲਣ ਲਈ ਸੂਬਾ ਸਰਕਾਰ ਨੇ ਕੀ ਕੀਤਾ ਇਸ ਬਾਰੇ ਦੱਸਣ ਲਈ ਮਹਾਰਾਸ਼ਟਰ ਸਰਕਾਰ ਨੂੰ ਹਲਫ਼ਨਾਮਾ ਦਾਇਰ ਕਰਨ ਦਾ ਹੁਕਮ ਦਿੱਤਾ ਸੀ। ਸੁਪਰੀਮ ਕੋਰਟ ਨੇ ਸੂਬਾ ਸਰਕਾਰ 'ਤੇ ਸਵਾਲ ਚੁੱਕਿਆ ਸੀ ਕਿ ਉਸ ਦੇ ਹੁਕਮਾਂ ਦੇ ਪਾਲਣ ਲਈ ਕਿੰਨੇ ਯਤਨ ਕੀਤੇ ਗਏ।

ਕੋਰਟ ਨੇ ਡਾਂਸ ਬਾਰ ਮਾਲਕਾਂ ਨੂੰ ਲਾਇਸੰਸ ਦੇਣ ਲਈ ਹੱਦ ਤੈਅ ਕੀਤੀ ਸੀ, ਜਿਸ ਦਾ ਪਾਲਣ ਸੂਬਾ ਸਰਕਾਰ ਨੇ ਨਹੀਂ ਕੀਤਾ। ਜਸਟਿਸ ਦੀਪਕ ਮਿਸ਼ਰਾ ਨੇ ਕਿਹਾ ਕਿ ਭੀਖ ਮੰਗਣ ਜਾਂ ਅਸਵੀਕਾਰ ਕੰਮ ਕਰਨ ਨਾਲੋਂ ਸਟੇਜ਼ 'ਤੇ ਡਾਂਸ ਕਰਨਾ ਚੰਗਾ ਹੈ। ਇੱਥੇ ਉਨ੍ਹਾਂ ਦਾ ਮਤਲਬ ਦੇਹ ਵਪਾਰ ਨਾਲ ਵੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰ ਇੱਕ ਹਫ਼ਤੇ ਵਿੱਚ ਡਾਂਸ ਬਾਰ ਦੇ ਕਰਮੀਆਂ ਦੀ ਪੁਲਿਸ ਵੈਰੀਫਿਕੇਸ਼ਨ ਕਰਕੇ ਲਾਇਸੰਸ ਜਾਰੀ ਕਰੇ। ਹੋਟਲ ਅਤੇ ਬਾਰ ਲਈ ਪਹਿਲਾਂ ਹੀ ਸਿਹਤ ਵਿਭਾਗ ਦੇ ਐਨ.ਓ.ਸੀ. ਜਾਰੀ ਹਨ ਤਾਂ ਡਾਂਸ ਲਈ ਅਲੱਗ ਤੋਂ ਕੀ ਲੋੜ ਹੈ।


www.mehakwatandilive.com

ਧਾਰਮਿਕ ਪ੍ਰੋਗਰਾਮ, ਖੇਡ ਮੇਲੇ ਅਤੇ ਸਾਹਿਤਕ ਸਮਾਗਮਾ ਦਾ "ਮਹਿਕ ਵਤਨ ਦੀ ਲਾਈਵ" ਵੈਬ ਟੀ.ਵੀ. ਤੇ ਲਾਈਵ ਟੈਲੀਕਾਸਟ ਕਰਵਾਉਣ ਲਈ ਸੰਪਰਕ ਕਰੋ:




Help Line: 9988 92 9988